ਪੰਜਾਬ ਸਰਕਾਰ

ਸਿੱਖਿਆ ਵਿਭਾਗ

ਵੱਲ

ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ: ਆਈ.ਈ.ਡੀ.ਐਸ.ਐਸ./ਰਮਸਾ/2018/3937। ਮਿਤੀ: 30-08-18

ਵਿਸ਼ਾ : ਦਿਵਿਆਂਗ ਵਿਦਿਆਰਥੀਆਂ ਨੂੰ 9ਵੀਂ ਤੋਂ 12ਵੀਂ ਜਮਾਤ ਤੱਕ ਸਕੂਲ ਵਿੱਚ ਮੁਫਤ ਦਾਖਲਾ ਅਤੇ ਸਿੱਖਿਆ ਦੇਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਹਿੱਤ Rights of Persons with Disabilities (RPwD) Act, 2016 ਅਨੁਸਾਰ ਸਰਕਾਰ ਵੱਲੋਂ ਦਿਵਿਆਂਗ ਵਿਦਿਆਰਥੀਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਵੇਰਵਾ ਹਰ ਸਕੂਲ ਦੇ ਬਾਹਰ ਇੱਕ ਡਿਸਪਲੇ ਬੋਰਡ ਵਿੱਚ ਦਰਜ ਕਰਕੇ ਲਗਾਇਆ ਗਿਆ ਹੈ। RPwD Act 2016 ਦੇ Section 31 ਵਿੱਚ ਸਪਸ਼ਟ ਕੀਤਾ ਗਿਆ ਹੈ ਕਿ:-

*(1)* Notwithstanding anything contained in the Rights of Children to Free and Compulsory Education Act, 2009, every child with benchmark disability between the age of six to eighteen years shall have the right to free education in a neighborhood school, or in a special school, of his choice.

*(2)* The appropriate Government and local authorities shall ensure that every child with benchmark disability has access to free education in an appropriate environment till he attains the age of eighteen years."

ਪਰੰਤੂ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਵਿਲੱਖਣ ਸਮਰੱਥਾ ਵਾਲੇ ਦਿਵਿਆਂਗ ਵਿਦਿਆਰਥੀਆਂ ਨੂੰ 9ਵੀਂ ਤੋਂ 12ਵੀਂ ਜਮਾਤ ਵਿੱਚ ਦਾਖਲਾ ਦੇਣ ਸਮੇਂ ਕਈ ਸਕੂਲ ਮੁੱਖੀਆਂ ਵੱਲੋਂ ਇਹਨਾਂ ਤੋਂ ਦਾਖਲਾ ਫੀਸ ਅਤੇ ਹੋਰ ਫੰਡਾਂ ਦਾ ਹਵਾਲਾ ਦੇ ਕੇ ਫੀਸ ਵਸੂਲੀ ਜਾ ਰਹੀ ਹੈ।

RPwD Act 2016 ਦੇ Section 16 ਵਿੱਚ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ:-

"The appropriate Goverment and the local authorities shall endeavour that all educational institutions funded or recognised by them provide inclusive education to the children with disabilities and towards that end they shall admit them without discrimination and provide education and opportunities for sports and recreation activities equally with others."

ਪਰੰਤੂ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲ ਮੁੱਖੀ ਦਿਵਿਆਂਗ ਵਿਦਿਆਰਥੀਆਂ ਨੂੰ ਆਪਣੇ ਸਕੂਲ ਵਿੱਚ ਦਾਖਲਾ ਨਹੀਂ ਦੇ ਰਹੇ ਹਨ ਅਤੇ ਉਹਨਾਂ ਨੂੰ ਸਕੂਲ ਆਉਣ ਤੋਂ ਨਿਰਉਤਸਾਹਿਤ ਕਰਦੇ ਹਨ।

ਪਰੰਤੂ ਜੀ..

ਇਸ ਸਬੰਧੀ ਹਦਾਇਤ ਕੀਤੀ ਜਾਂਦੀ ਹੈ ਕਿ:-

i. ਕਿਸੇ ਵੀ ਸਕੂਲ ਮੁੱਖੀ ਵੱਲੋਂ 9ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹ ਰਹੇ 18 ਸਾਲ ਦੀ ਉਮਰ ਤੱਕ ਦੇ ਦਿਵਿਆਂਗ ਵਿਦਿਆਰਥੀਆਂ ਤੋਂ ਕਿਸੇ ਕਿਸਮ ਦੀ ਕੋਈ ਫੀਸ ਨਾ ਲਈ ਜਾਵੇ।

ii. ਕਿਸੇ ਵੀ ਦਿਵਿਆਂਗ ਵਿਦਿਆਰਥੀ ਨੂੰ ਸਕੂਲ ਵਿੱਚ ਦਾਖਲਾ ਲੈਣ ਤੋਂ ਰੋਕਣਾ ਜਾਂ ਦਾਖਲਾ ਨਾ ਦੇਣਾ ਕਾਨੂੰਨਨ ਜੁਰਮ ਹੈ। ਇਸ ਲਈ ਕਿਸੇ ਵੀ ਦਿਵਿਆਂਗ ਵਿਦਿਆਰਥੀ ਨੂੰ ਸਕੂਲ ਵਿੱਚ ਦਾਖਲਾ ਲੈਣ ਤੋਂ ਰੋਕਿਆ ਜਾਂ ਨਿਰਉਤਸਾਹਿਤ ਨਾ ਕੀਤਾ ਜਾਵੇ।

ਉਪਰੋਕਤ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਕੱਤਰ ਸਕੂਲ ਸਿੱਖਿਆ
ਪੰਜਾਬ।

ਪਿੱਠ ਅੰਕਣ ਨੰ: ਆਈ.ਈ.ਡੀ.ਐਸ.ਐਸ./ਰਮਸਾ/2018/ ਮਿਤੀ:

ਉਪਰੋਕਤਾ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਪੀ.ਆਈ. (ਸੈ.ਸਿੱ./ ਐ.ਸਿੱ.)
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.)

-ਸਹੀ-

ਸਕੱਤਰ ਸਕੂਲ ਸਿੱਖਿਆ
ਪੰਜਾਬ।